CHILDREN'S HOME SOCIETY OF CALIFORNIA
www.chs-ca.org

ਵਾਧੂ ਸੀਐਚਸੀ ਫੈਮਲਿ ਐਜੂਕੇਸ਼ਨ ਪ੍ਰੋਗਰਾਮ ਦੀ ਸਮੱਗਰੀ ਲਈ, ਕਰਿਪਾ ਕਰਕੇ (714) 712-7888 ਤੇ ਕਾਲ ਕਰੋ। ਸੀਐਚਸੀ ਤਤਕਾਲ ਸਖਿਣ ਅਤੇ ਸਖਿਆਿ ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਲਈ, (888) ਸੀਐਚਐਸ-4-ਕੇਆਾਈਡੀਐਸ ਤੇ ਕਾਲ ਕਰੋ।

ਫੈਮਲਿ ਐਜੂਕੇਸ਼ਨ ਪ੍ਰੋਗਰਾਮ ਦੀ ਸਮੱਗਰੀ ਅਤੇ ਪੌਡਕਾਸਟ, ਅਤੇ ਸੀਐਚਸੀ ਪ੍ਰੋਗਰਾਮਾਂ ਤੇ ਜਾਣਕਾਰੀ ਨੂੰ ਸਾਡੀ ਵੈਬਸਾਈਟ **www.chs-ca.org** ਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।



**Corporate Headquarters**
1300 West Fourth Street
Los Angeles, CA 90017
(213) 240-5900
(213) 240-5945 Fax

©2017 Children's Home Society of California

CHILDREN'S HOME SOCIETY OF CALIFORNIA

# ਬੱਚਿਆਂ ਦੀ ਦੇਖ-ਭਾਲ ਕਰਨ ਵਾਲਾ ਕੇਂਦਰ ਚੁਣਨਾ

## ਆਪਣੇ ਪਰਵਿਾਰ ਲਈ ਇਕ ਸਹੀ ਨਰਿਣਾ ਲੇਣਾ



# ਬੱਚਿਆਂ ਦੀ ਦੇਖ-ਭਾਲ ਕਰਨ ਵਾਲੇ ਕੇਂਦਰ ਨੂੰ ਚੁਣਨ ਦਾ ਫੈਸਲਾ ਕਿਸੇ ਵੀ ਮਾਂ-ਬਾਪ ਲਈ ਬਹੁਤ ਵੱਡਾ ਕੰਮ ਹੁੰਦਾ ਹੈ| ਦੇਖ-ਭਾਲ ਲਈ ਇਕ ਸਹੀ ਸਥਾਨ ਲੱਭਣ ਵਿੱਚ ਕਾਫੀ ਸਮਾਂ ਲਗਦਾ ਹੈ ਪਰ ਵੱਖ ਵੱਖ ਦੇਖ-ਰੇਖ ਵਾਲੇ ਕੇਂਦਰਾਂ ਬਾਰੇ ਅਤੇ ਉਹਨਾਂ ਵਿਚੋਂ ਕਿਹੜਾ ਇਕ ਚੰਗੀ ਸੇਵਾ ਪ੍ਰਦਾਨ ਕਰ ਰਿਹਾ ਹੈ ਬਾਰੇ ਜਾਣਨਾ ਆਦਿ ਤੁਹਾਡੀ ਤਲਾਸ਼ ਨੂੰ ਪੂਰਾ ਹੋਣ ਵਿੱਚ ਮਦਦਗਾਰ ਸਾਬਿਤ ਹੋ ਸਕਦੇ ਹਨ|




Children's Home Society of California's (CHS) Child Care and Development Services ਨੇ ਮਾਪਿਆਂ ਲਈ ਇਕ ਗਾਇਡ ਬਣਾਈ ਹੈ ਜੋ ਮਾਪਿਆਂ ਨੂੰ ਉਹਨਾ ਦੇ ਬੱਚਿਆਂ ਦੀਆ ਜਰੂਰਤਾਂ ਬਾਰੇ ਜਾਣੂ ਕਰਵਾਉਂਦੀ ਹੈ ਅਤੇ ਬੱਚੇ ਦੀ ਦੇਖ-ਰੇਖ ਲਈ ਸਹੀ ਪ੍ਰੋਗਰਾਮ ਚੁਣਨ ਵਿੱਚ ਮਦਦ ਕਰਦੀ ਹੈ|

ਅਸੀ ਤੁਹਾਨੂੰ ਇਹ ਸਲਾਹ ਦੇਵਾਂਗੇ ਕਿ ਤੁਸੀ ਬੱਚਿਆਂ ਦੇ ਦੇਖ-ਰੇਖ ਪ੍ਰਦਾਨ ਕਰਨ ਵਾਲੇ ਘਰਾਂ ਅਤੇ ਕੇਂਦਰਾਂ ਵਿੱਚ ਜਾਓ ਅਤੇ ਉਸ ਕੰਮ ਨਾਲ ਸਿੱਧੇ ਅਤੇ ਅਸਿੱਧੇ ਤੋਰ ਤੇ ਜੁੜੇ ਹੋਏ ਲੋਕਾਂ ਨਾਲ ਗੱਲ ਕਰ ਕੇ ਦੇਖੋ| ਜਿੰਨੇ ਜ਼ਿਆਦਾ ਘਰਾਂ ਅਤੇ ਕੇਂਦਰਾਂ ਤੇ ਤੁਸੀਂ ਜਾਓਗੇ ਤਾਂ ਅੰਤ ਵਿੱਚ ਤੁਸੀਂ ਆਪਣੇ ਬੱਚੇ ਲਈ ਇਕ ਵਧੀਆ ਨਿਰਣਾ ਲੈ ਸਕੋਗੇ|

ਬੱਚਿਆਂ ਦੇ ਦੇਖ-ਰੇਖ ਪ੍ਰਦਾਨ ਕਰਨ ਵਾਲੇ ਘਰਾਂ ਅਤੇ ਕੇਂਦਰਾਂ ਨੂੰ ਕੈਲੀਫ਼ੋਰਨੀਆ ਰਾਜ ਵਲੋਂ ਮਾਨਤਾ ਪ੍ਰਾਪਤ ਹੋਣੀ ਜ਼ਰੂਰੀ ਹੈ| ਇਸ ਮਾਨਤਾ ਬੱਚਿਆਂ ਨੂੰ ਦੇਖ-ਰੇਖ ਦੌਰਾਨ ਸਹਿਤ ਅਤੇ ਸੁਰੱਖਿਆ ਵੱਲ ਦਿੱਤੇ ਜਾਣ ਵਾਲੇ ਧਿਆਨ ਬਾਰੇ ਦੱਸਦੀ ਹੈ| ਪਰ ਇਸ ਮਾਨਤਾ ਦੇ ਪ੍ਰਾਪਤ ਹੋਣ ਨਾਲ ਕੇਂਦਰ ਦੁਆਰਾ ਦਿੱਤੀ ਜਾ ਰਹੀ ਸੇਵਾ ਦੇ ਚੰਗੇ ਜਾਂ ਮਾੜੇ ਹੋਣ ਦਾ ਪਤਾ ਨਹੀ ਕੀਤਾ ਜਾ ਸਕਦਾ| ਤੁਸੀਂ ਖੁਦ ਹੀ ਪਰਖ਼ ਸਕਦੇ ਹੋ ਕਿ ਤੁਹਾਡੇ ਬੱਚੇ ਦੀ ਦੇਖ-ਰੇਖ ਲਈ ਕਿਹੜਾ ਪ੍ਰੋਗਰਾਮ ਠੀਕ ਹੈ|

ਜੇ ਤੁਹਾਨੂੰ ਇਸ ਬਾਰੇ ਨਿਰਣਾ ਲੈਣ ਲਈ ਹੋਰ ਜਾਣਕਾਰੀ ਦੀ ਜ਼ਰੂਰਤ ਹੈ ਤਾਂ ਤੁਸੀਂ ਸਾਡੇ ਦਫ਼ਤਰ ਦੇ ਫ਼ੋਨ ਨੰਬਰ ਤੇ ਫ਼ੋਨ ਕਰ ਸਕਦੇ ਹੋ, ਨੰਬਰ ਇਸ ਪਰਚੇ ਦੇ ਪਿੱਛੇ ਦਿੱਤਾ ਗਿਆ ਹੈ|




## ਤੁਹਾਡੇ ਬੱਚੇ ਲਈ ਸਹੀ ਚੋਣ

**ਇਕ ਚੰਗਾ ਬੱਚਿਆਂ ਦਾ ਸੇਵਾ ਕੇਂਦਰ ਚੁਣਨ ਲਈ ਕੁਝ ਜ਼ਰੂਰੀ ਤੱਤ ਅਤੇ ਸਵਾਲ:**

- ਬੱਚਿਆਂ ਦੀ ਦੇਖ-ਰੇਖ ਕਰਨ ਵਾਲੇ ਕਿੰਨਾ ਪੜ੍ਹੇ ਲਿਖੇ ਹਨ?
- ਕਿ ਉਹੋ ਸਥਾਨ ਬੱਚੇ ਲਈ ਸੁਰੱਖਿਅਤ, ਚੰਗਾ, ਆਕਰਸ਼ਕ ਅਤੇ ਦਲਿਚਸਪ ਹੈ?
- ਕੀ ਉਥੇ ਦਾ ਮਾਹੌਲ ਬੱਚੇ ਦੇ ਅੰਦਰ ਅਤੇ ਬਾਹਰ ਵੱਖ-ਵੱਖ ਖੇਡਾਂ ਖੇਡਣ ਲਈ ਠੀਕ ਹੈ?



## TRUSTLINE

ਮਾਂ-ਬਾਪ TrustLine ਦਾ ਇਸਤੇਮਾਲ ਕਰ ਕੇ ਦੇਖ-ਰੇਖ ਦੀ ਸੇਵਾ ਦੇਣ ਵਾਲੇ ਕੇਂਦਰਾਂ ਦੇ ਪਿਛੋਕੜ ਬਾਰੇ ਜਾਣਕਾਰੀ ਹਾਂਸਲ ਕਰ ਸਕਦੇ ਹਨ ਕਿ ਕਹਿੜੇ ਕੇਂਦਰ ਨੂੰ ਹਾਲੇ State of California ਵਲੋਂ ਮਾਨਤਾ ਪ੍ਰਾਪਤ ਨਹੀ ਹੈ। TrustLine, California Department of Social Services and the Child Care Resource and Referral Network ਦੁਆਰਾ ਬਣਾਈ ਗਈ ਇਕ ਜਨਤਕ ਰਜਸਿਟਰੀ (public registry) ਹੈ, ਜਸਿ ਵਿੱਚ ਉਹਨਾਂ ਦੇਖ-ਰੇਖ ਕੇਂਦਰਾਂ ਵਿੱਚ ਕੰਮ ਕਰਨ ਵਾਲਿਆਂ ਬਾਰੇ ਜਾਣਕਾਰੀ ਹੁੰਦੀ ਹੈ ਜਨਿਾਂ ਨੇ ਆਪਣੀਆਂ ਉਂਗਲਿਆਂ ਦੇ ਨਸ਼ਿਾਨ Department of Justice ਨੂੰ ਦਿੱਤੇ ਹੋਏ ਹਨ ਅਤੇ ਜਨਿਾਂ ਉੱਤੇ ਪਹਲਿਾ ਕੋਈ ਬੱਚਿਆਂ ਨਾਲ ਹੋਈ ਗਲਤ ਵਾਰਦਾਤ ਜਾਂ ਕੋਈ ਹੋਰ ਅਪਰਾਧੀ ਮਾਮਲਾ ਕੈਲੀਫੋਰਨਿਆ ਵਿੱਚ ਦਰਜ ਨਹੀ ਹੈ ਅਤੇ ਉਹੋ ਕਦੇ ਅਯੋਗ ਘੋਸ਼ਤਿ ਨਹੀ ਕੀਤੇ ਗਏ। ਇਸ "ਮਾਨਤਾ-ਮੁਕਤ (license-exempt)" ਦੇਖ-ਰੇਖ ਸੇਵਾ ਦੇਣ ਵਾਲਿਆ ਵਿੱਚ ਸ਼ਾਮਲਿ ਹਨ: (1) ਤੁਹਾਡੇ ਆਪਣੇ ਘਰ ਦੇ ਵਿੱਚ ਆ ਕੇ ਦੇਖਭਾਲ ਕਰਨਾ, ਜਸਿ ਵਿੱਚ ਦੇਖਭਾਲ ਕਰਨ
ਵਾਲਾ (ਨੈਨੀ, ਦਾਈ, ਦੋਸਤ ਜਾਂ ਰਸ਼ਿਤੇਦਾਰ) ਬੱਚੇ ਦੀ ਦੇਖਭਾਲ ਉਸਦੇ ਘਰ ਦੇ ਵਿੱਚ ਹੀ ਕਰਦਾ ਹੈ। (2) ਦੇਖਭਾਲ ਕਰਨ ਵਾਲਾ ਉਸਦੇ ਖੁਦ ਦੇ ਘਰ ਵਿੱਚ ਕਸਿ ਇਕ ਹੋਰ ਪਰਵਿਾਰ ਦੇ ਬੱਚੇ ਦੀ ਦੇਖਭਾਲ ਕਰਦਾ ਹੈ। ਕੁਝ ਸਕੂਲ ਸ਼ੁਰੂ ਹੋਣ ਤੋਂ ਪਹਲਿਾ ਤੇ ਸਕੂਲ ਖਤਮ ਹੋਣ ਬਾਅਦ ਦੇਖਭਾਲ ਕਰਨ ਵਾਲੇ ਪ੍ਰੋਗਰਾਮ ਵੀ ਮਾਨਤਾ-ਮੁਕਤ ਹਨ। ਟਰੱਸਟ ਲਾਇਨ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ, ਪਰਚੇ ਦੇ ਪਿੱਛੇ ਦਿੱਤੇ ਸਾਡੇ ਦਫ਼ਤਰ ਦੇ ਨੰਬਰ ਤੇ ਫ਼ੋਨ ਕਰੋ।

## ਵਿਅਸਕਾਂ ਅਤੇ ਬੱਚਿਆਂ ਵਿੱਚਕਾਰ ਅਨੁਪਾਤ

ਵਿਅਸਕਾਂ ਅਤੇ ਬੱਚਿਆਂ ਵਿੱਚਕਾਰ ਅਨੁਪਾਤ ਵੀ ਬੱਚਿਆਂ ਲਈ ਦੇਖਭਾਲ ਦੇ ਕੇਂਦਰ ਦੀ ਚੋਣ ਕਰਨ ਵਿੱਚ ਜ਼ਰੂਰੀ ਭੂਮਕਿਾ ਨਭਿਾਉਂਦਾ ਹੈ।

ਇਕ **ਛੋਟੇ ਪਰਵਿਾਰ ਦੁਆਰਾ ਚਲਾਏ** ਜਾਂਦੇ ਦੇਖਭਾਲ ਕਰਨ ਵਾਲੇ ਘਰ ਵਿੱਚ ਸਰਿਫ 8 ਬੱਚਿਆਂ ਦੀ ਦੇਖਭਾਲ ਕਰਨ ਦਾ ਕੰਮ ਹੀ ਕੀਤਾ ਜਾਵੇਗਾ ਅਤੇ ਇਨਾਂ 8 ਬੱਚਿਆਂ ਵਿੱਚ ਹੀ ਦੇਖਭਾਲ ਕਰਨ ਵਾਲੇ ਦੇ ਆਪਣੇ ਬੱਚੇ ਵੀ ਸ਼ਾਮਲਿ ਹੋਣਗੇ ਜਹਿਨਾਂ ਦੀ ਉਮਰ 10 ਸਾਲ ਤੋਂ ਘੱਟ ਹੈ। ਘੱਟੋ ਘੱਟ ਮਾਨਤਾ ਪ੍ਰਾਪਤ ਮਾਨਕ:

| ਵਿਅਸਕ | ਬੱਚੇ | |
|---|---|---|
| 1 | 4 | ਬਾਲ (ਜਨਮ ਤੋਂ 24 ਮਹੀਨੇ ਤੱਕ) |
| 1 | 6 | 3 ਬਾਲ ਤੋਂ ਵੱਧ ਨਹੀ |
| 1 | 8 | 2 ਬਾਲ ਤੋਂ ਵੱਧ ਨਹੀ ਅਤ ਘਟੋ ਘੱਟੋ 2 ਬੱਚੇ ਸਕੂਲ ਜਾਣ ਦੀ ਉਮਰ ਦੇ ਹੋਣ* (6 ਸਾਲ ਤੋਂ ਜ਼ਆਿਦਾ) |

**ਵੱਡੇ ਪਰਵਿਾਰ ਦੁਆਰਾ ਚਲਾਏ** ਜਾ ਰਹੇ ਦੇਖਭਾਲ ਕਰਨ ਵਾਲੇ ਘਰ ਵਿੱਚ ਸਰਿਫ 14 ਬੱਚਿਆਂ ਦੀ ਦੇਖਭਾਲ ਕਰਨ ਦੀ ਹੀ ਮਾਨਤਾ ਪ੍ਰਾਪਤ ਹੈ, ਜਸਿ ਵਿੱਚ ਹੀ ਦੇਖਭਾਲ ਕਰਨ ਵਾਲੇ ਦੇ ਆਪਣੇ ਬੱਚੇ ਵੀ ਸ਼ਾਮਲਿ ਹੋਣਗੇ ਜਹਿਨਾਂ ਦੀ ਉਮਰ 10 ਸਾਲ ਤੋਂ ਘੱਟ ਹੈ। ਜਦੋਂ ਵੀ 6 ਤੋਂ ਜ਼ਆਿਦਾ ਬੱਚਿਆਂ ਦੀ ਦੇਖਭਾਲ ਕੀਤੀ ਜਾ ਰਹੀ ਹੋਵੇਗੀ ਤਾਂ ਦੇਖਭਾਲ ਕਰਨ ਲਈ ਇਕ ਸਹਯਿੋਗੀ ਦਾ ਉਥੇ ਹੋਣਾ ਜ਼ਰੂਰੀ ਹੋਵੇਗਾ। ਘੱਟੋ ਘੱਟ ਮਾਨਤਾ ਪ੍ਰਾਪਤ ਮਾਨਕ:

| ਵਿਅਸਕ | ਬੱਚੇ | |
|---|---|---|
| 2 | 12 | 4 ਬਾਲ ਤੋਂ ਵੱਧ ਨਹੀ (ਜਨਮ ਤੋਂ 24 ਮਹੀਨੇ ਤੱਕ) |
| 2 | 14 | 3 ਬਾਲ ਤੋਂ ਵੱਧ ਨਹੀ ਅਤ ਘੱਟੋ ਘੱਟ 2 ਬੱਚੇ ਸਕੂਲ ਜਾਣ ਦੀ ਉਮਰ ਦੇ ਹੋਣ* (6 ਸਾਲ ਤੋਂ ਜ਼ਆਿਦਾ) |

**ਬੱਚਿਆਂ ਦੀ ਦੇਖਭਾਲ ਦੇ ਕੇਂਦਰ** ਨੂੰ ਬੱਚਿਆਂ ਦਾ ਇਕ ਸਮੂਹ ਬਣਾ ਕੇ ਦੇਖਭਾਲ ਕਰਨ ਦੀ ਮਾਨਤਾ ਪ੍ਰਾਪਤ ਹੈ। ਕੇਂਦਰ, ਵੱਡੇ ਜਾਂ ਛੋਟੇ ਦੋਨੋ ਹੀ, ਪੂਰੇ ਦਨਿ ਜਾਂ ਥੋੜੇ ਸਮੇਂ ਲਈ ਛੋਟੇ ਬੱਚਿਆਂ, ਪ੍ਰੀ-ਸਕੂਲ ਜਾਂ ਵਾਲੇ ਬੱਚਿਆਂ ਅਤੇ ਸਕੂਲ ਦੇ ਬੱਚਿਆਂ ਦੀ ਦੇਖਭਾਲ ਦੇ ਪ੍ਰੋਗਰਾਮ ਪ੍ਰਦਾਨ ਕਰਦੇ ਹਨ। ਇਹ ਕੇਂਦਰ ਖੁਦ ਕਸਿੇ ਵਆਿਕਤੀ ਦੁਆਰਾ ਵੀ ਚਲਾਇਆ ਜਾ ਸਕਦਾ ਹੈ ਜਾ ਕੇਂਦਰ ਦੀ ਕਸਿੇ ਸਕੂਲ, ਚਰਚ, ਵਪਾਰਕ ਗੁੱਟ ਤਾ ਕਸਿੇ ਹੋਰ ਸੰਸਥਾ ਨਾਲ ਗਠਜੋੜ ਵੀ ਹੋ ਸਕਦੀ ਹੈ। ਘੱਟੋ ਘੱਟ ਮਾਨਤਾ ਪ੍ਰਾਪਤ ਮਾਨਕ:

| ਵਿਅਸਕ** | ਬੱਚੇ | |
|---|---|---|
| 1 | 4 | ਬਾਲ (ਜਨਮ ਤੋਂ 24 ਮਹੀਨੇ ਤੱਕ) |
| 1 | 12 | ਪ੍ਰੀ-ਸਕੂਲ (2-6 ਸਾਲ) |
| 1 | 14 | ਸਕੂਲ ਜਾਣ ਵਾਲੇ* (6-14 ਸਾਲ) |

* ਜੇ ਇਕ ਬੱਚੇ ਨੂੰ ਬਾਲ ਸਕੂਲ ਵਿੱਚ (kindergarten) ਵਿੱਚ ਦਾਖਲ ਕਰਵਾਇਆ ਜਾਂਦਾ ਹੈ (4 ਸਾਲ 9 ਮਹੀਨੇ ਦੀ ਉਮਰ ਤੱਕ). ਜੇ 2 ਬੱਚੇ ਸਕੂਲ ਜਾਣ ਵਾਲੀ ਉਮਤ ਦੇ ਹਨ ਤਾਂ ਛੋਟੇ ਪਰਵਿਾਰ ਦੁਆਰਾ ਚਲਾਇਆ ਜਾਣ ਵਾਲਾ ਬੱਚਿਆਂ ਦੀ ਦੇਖਭਾਲ ਵਾਲੇ ਘਰ ਨੂੰ 6 ਦੀ ਥਾਂ ਤੇ 8 ਬੱਚਿਆਂ ਦੀ ਦੇਖਭਾਲ ਕਰਨ ਲਈ ਮਾਨਤਾ ਪ੍ਰਾਪਤ ਹਵੇਗੀ। ਅਤੇ ਵੱਡੇ ਪਰਵਿਾਰ ਦੁਆਰਾ ਚਲਾਏ ਜਾਣ ਵਾਲੇ ਦੇਖਭਾਲ ਵਾਲੇ ਘਰ ਵਿੱਚ 12 ਦੀ ਥਾ ਤੇ 14 ਬੱਚਿਆਂ ਦੀ ਦੇਖਭਾਲ ਦਾ ਕੰਮ ਕੀਤਾ ਜਾ ਸਕੇਗਾ।

** ਵਿਅਸਕ ਨੂੰ ਕਮਉਿਨਟੀ ਕੇਅਰ ਲਾਈਸੰਸਗਿ ਦੀ ਯੋਗਤਾ ਨੂੰ ਪੂਰਾ ਕਰਣਾ ਹੋਵੇਗਾ।

# ਬੱਚਿਆਂ ਦੀ ਦੇਖਭਾਲ ਦੀ ਗੁਣਵੱਤਾ ਸੂਚੀ





## ਸਹਿਤ ਅਤੇ ਸੁਰੱਖਿਆ

- ☐ ਕੀ ਕੇਂਦਰ ਹੁਣ ਮਾਨਤਾ ਪ੍ਰਾਪਤ ਹੈ ?
- ☐ ਵਿਅਸਕਾਂ ਅਤੇ ਬੱਚਿਆਂ ਤਾ ਬਰਾਬਰ ਅਨੁਪਾਤ ਰੱਖਿਆ ਗਿਆ ਹੈ ?
- ☐ ਕੀ ਬੇਠਣ ਦਾ ਸਥਾਨ ਚੰਗਾ ਅਤੇ ਆਕਰਸ਼ਕ ਹੈ? ਘਰ ਦੇ ਅੰਦਰ ਅਤੇ ਬਾਹਰ ਖੇਡਣ ਅਤੇ ਚੁਪ ਚਾਪ ਬੇਠਣ ਲਈ ਕਾਫੀ ਖਾਲੀ ਜਗਾ ਹੈ ?
- ☐ ਕੀ ਸਾਰਾ ਘਰ ਬੱਚਿਆਂ ਲਈ ਸੁਰੱਖਿਅਤ ਕੀਤਾ ਗਿਆ ਹੈ ? ਕਿਸੇ ਵੀ ਤਰਾਂ ਦੇ ਖਤਰੇ ਤੋਂ ਖਾਲੀ ਹੈ ?ਅਤੇ ਸਾਰਾ ਸਾਜੋਸਾਮਾਨ ਠੀਕ ਠਾਕ ਅਤੇ ਸੁਰੱਖਿਅਤ ਹੈ ?
- ☐ ਕੀ ਸਾਰਾ ਘਰ/ਕੇਂਦਰ ਹਰ ਮਾਮਲੇ ਵਿੱਚ ਸਾਫ਼ ਹੈ (ਬਾਥਰੂਮ, ਰਸੋਈ, ਖੇਡਣ ਦਾ ਸਥਾਨ, ਬੱਚੇ ਦੇ ਕੱਪੜੇ ਬਦਲਣ ਦਾ ਸਥਾਨ) ਅਤੇ ਕਿ ਰੋਜ਼ਾਨਾ ਹੱਥ ਧੋਣ ਬਾਰੇ ਦੱਸਿਆ ਜਾਂਦਾ ਹੈ ?
- ☐ ਕੀ ਉਥੇ ਸੋਣ ਲਈ ਸੁਰਖਿਅਤ ਥਾਂ ਹੈ ?
- ☐ ਧੂੰਏ ਦਾ ਪਤਾ ਲਗਾਉਣ ਵਾਲੇ ਯੰਤਰ , ਅੱਗ ਬੁਝਾਉ ਯੰਤਰ ਠੀਕ ਕੰਮ ਕਰ ਰਹੇ ਹਨ? ਅਤੇ ਪ੍ਰਾਥਮਿਕ ਚਿਕਿਤਸਾ ਮੋਜੂਦ ਹੈ ?
- ☐ ਆਪਾਤਕਾਲ ਦੌਰਾਨ ਬਾਹਰ ਜਾਣ ਵਾਲੇ ਰਸਤੇ ਦਾ ਨਕਸ਼ਾ ਲਗਿਆ ਹੋਇਆ ਹੈ ਅਤੇ ਕਿ ਇਸ ਹਾਲਤ ਵਿੱਚ ਬਾਹਰ ਜਾਂ ਬਾਰੇ ਅਭਿਆਸ ਕੀਤਾ ਜਾਂਦਾ ਹੈ?
- ☐ ਆਪਾਤਕਾਲ ਦੌਰਾਨ ਹਰ ਇਕ ਬੱਚੇ ਦੇ ਘਰ ਵਾਲਿਆਂ ਨਾਲ ਸੰਪਰਕ ਕਰਨ ਦੀ ਜਾਣਕਾਰੀ ਦੇ ਕਾਰਡ ਬਣੇ ਹਨ ?
- ☐ ਕੀ ਦੇਖਭਾਲ ਕਰਨ ਵਾਲੇ ਕੋਲ ਬੱਚਿਆਂ ਦੀ ਜਿਮੇਵਾਰੀ ਦਾ ਬੀਮਾ ਕੀਤਾ ਗਿਆ ਹੈ? ਜਾਂ ਉਸ ਨੂੰ ਦੇਣਦਾਰੀ ਵਿੱਚ ਛੋਟ ਮਿਲਦੀ ਹੈ ?
- ☐ ਦੇਖਭਾਲ ਕਰਨ ਵਾਲਿਆ ਨੂੰ ਬਾਲ ਚਿਕਿਤਸਾ, ਪ੍ਰਾਥਮਿਕ ਉਪਚਾਰ ਅਤੇ ਸੀ.ਪੀ.ਆਰ ਬਾਰੇ ਪੂਰੀ ਜਾਣਕਾਰੀ ਹੈ ?
- ☐ ਕੀ ਦੇਖਭਾਲ ਕਰਨ ਵਾਲੇ ਘਰ ਜਾਂ ਕੇਂਦਰ ਕੋਲ ਉਹਨਾਂ ਦੀਆਂ ਗੱਡੀਆਂ ਵਿੱਚ ਬੱਚਿਆਂ ਨੂੰ ਲੈ ਕੇ ਜਾਣ ਲਈ ਹਰ ਬੱਚੇ ਲਈ ਸੀਟ ਬੇਲਟ ਅਤੇ ਸਹੀ ਕਾਰ ਸੀਟ ਮੋਜੂਦ ਹੈ?
- ☐ ਜੇ ਕੇਂਦਰ ਵਿੱਚ ਬੱਚਿਆਂ ਲਈ ਖਾਣਾ ਬਣਦਾ ਹੈ ਤਾ ਕੀ ਉਹੋ ਖਾਣਾ ਬਿਲਕੁਲ ਪੋਸ਼ਟਿਕ ਹੈ ਅਤੇ ਕੀ ਉਸ ਨੂੰ ਠੀਕ ਠੀਕ ਤਰਾਂ ਬਣਾਇਆ ਅਤੇ ਸੰਭਾਲ ਕੇ ਰੱਖਿਆ ਜਾ ਰਹਿਾ ਹੈ?

## ਦੇਖਭਾਲ ਕਰਨ ਵਾਲੇ ਦੀ ਨਿੱਜੀ ਸ਼ੈਲੀ

- ☐ ਕੀ ਦੇਖਭਾਲ ਕਰਨ ਵਾਲਾ ਨਰਮ ਦਿਲ , ਬੱਚਿਆਂ ਦੀ ਜ਼ਰੂਰਤ ਪ੍ਰਤੀ ਸੰਵੇਦਨਸ਼ੀਲ ਅਤੇ ਬੱਚਿਆਂ ਨੂੰ ਪਿਆਰ ਅਤੇ ਇੱਜਤ ਨਾਲ ਬੁਲਾਉਣ ਵਾਲਾ ਹੈ?
- ☐ ਕੀ ਦੇਖਭਾਲ ਕਰਨ ਵਾਲਾ ਹਰ ਇਕ ਬੱਚੇ ਵੱਲ ਆਪਣਾ ਪੂਰਾ ਧਿਆਨ ਦਿੰਦਾ ਹੈ ?
- ☐ ਕੀ ਦੇਖਭਾਲ ਕਰਨ ਵਾਲਾ ਹਰ ਬੱਚੇ ਨਾਲ ਚੰਗਾ ਵਿਵਿਹਾਰ ਕਰਦਾ ਹੈ ਤਾ ਕਿ ਬੱਚੇ ਦੇ ਆਤਮ ਸਨਮਾਨ ਵਿੱਚ ਵਾਧਾ ਹੋਵੇ? ਉਦਾਹਰਣ ਦੇ ਤੋਰ ਤੇ, ਕੀ ਦੇਖਭਾਲ ਕਰਨ ਵਾਲਾ ਬੱਚਿਆਂ ਨੂੰ ਪਿਆਰ ਨਾਲ ਅਤੇ ਮਿੱਠੀ ਤੇ ਚੰਗੀ ਆਵਾਜ਼ ਨਾਲ ਬੁਲਾਉਂਦਾ ਹੈ?
- ☐ ਕੀ ਦੇਖਭਾਲ ਕਰਨ ਵਾਲੇ ਕੋਲ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਣ ਦੇ ਚੰਗੇ ਪਰ ਪਿਆਰੇ ਤਰੀਕੇ ਹਨ ? (ਸਰੀਰਕ ਸਜ਼ਾ,ਮਾਰਨਾ,ਬੇਇਜ਼ਤੀ ਕਰਨਾ,ਮਾਨਸਿਕ ਰੂਪ ਵਿੱਚ ਬਦਸਲੂਕੀ ਕਰਨਾ ਅਤੇ ਰੋਜ਼ਾਨਾ ਦੇ ਕੰਮਾਂ ਜਿਵੇਂ ਖਾਣ, ਸੋਣ ਆਦਿ ਦਾ ਦੰਡ ਦੇਣਾ ਸਖ਼ਤ ਮਨਾਂ ਹੈ|)
- ☐ ਕੀ ਦੇਖਭਾਲ ਕਰਨ ਵਾਲਾ ਤੁਹਾਡੇ ਨਾਲ ਤੁਹਾਡੇ ਬੱਚੇ ਬਾਰੇ ਗੱਲ ਕਰਨ ਲਈ ਤਿਆਰ ਹੈ ਅਤੇ ਕੀ ਤੁਸੀਂ ਕਦੇ ਵੀ ਬਿਨਾ ਦੱਸੇ ਬੱਚੇ ਨੂੰ ਮਿਲਣ ਆ ਸਕਦੇ ਹੋ ?
- ☐ ਕੀ ਦੇਖਭਾਲ ਕਰਨ ਵਾਲਾ ਤੁਹਾਡੀ ਸੰਸਕ੍ਰਤਿ ਅਤੇ ਪਰਵਿਾਰ ਦੇ ਕਾਇਦੇ ਸਮਝ ਰਹਿਾ ਹੈ?




## ਦੇਖਭਾਲ ਕਰਨ ਵਾਲਾ ਕਿੰਨਾ ਪੇਸ਼ੇਵਰ ਹੈ

- ☐ ਕੀ ਦੇਖਭਾਲ ਕਰਨ ਵਾਲੇ ਕੋਲ ਬੱਚਿਆਂ ਦੇ ਵਿਕਾਸ ਜਾਂ ਸ਼ੁਰੂਆਤੀ ਬਚਪਨ ਦੀ ਸਿੱਖਿਆ ਪ੍ਰਾਪਤ ਹੈ ? (ਦੇਖਭਾਲ ਕਰਨ ਵਾਲੇ ਕੇਂਦਰਾਂ ਦੇ ਡਰੈਕਟਰ ਅਤੇ ਉਥੇ ਕੰਮ ਕਰਨ ਵਾਲਿਆ ਕੋਲ ਜ਼ਰੂਰੀ ਸਿੱਖਿਆ ਦਾ ਹੋਣਾ ਲਾਜ਼ਮੀ ਹੈ, ਪਰਵਿਾਰ ਦੁਆਰਾ ਚਲਾਏ ਜਾਣ ਵਾਲੇ ਦੇਖਭਾਲ ਕਰਨ ਵਾਲੇ ਘਰ ਲਈ ਇਹ ਨਿਯਮ ਲਾਗੂ ਨਹੀਂ ਹੈ)
- ☐ ਕੀ ਦੇਖਭਾਲ ਕਰਨ ਵਾਲਾ ਸਮੇਂ ਸਮੇਂ ਤੇ ਹੋਰ ਸਿੱਖਿਆ ਪ੍ਰਾਪਤ ਕਰ ਕੇ ਅਤੇ ਸੈਮੀਨਾਰ ਲਗਾ ਕੇ ਆਪਨੇ ਆਪ ਨੂੰ ਹੋਰ ਸੁਧਾਰ ਰਹਿਾ ਹੈ ?
- ☐ ਦੇਖਭਾਲ ਕਰਨ ਵਾਲੇ ਕੋਲ ਬੱਚਿਆਂ ਦੀ ਦੇਖਭਾਲ ਕਰਦੇ ਹੋਏ ਕਿੰਨਾ ਸਮਾਂ ਹੋ ਬੀਤ ਗਿਆ ਹੈ?
- ☐ ਕੀ ਦੇਖਭਾਲ ਕਰਨ ਵਾਲਾ ਕਿਸੇ ਪੇਸ਼ੇਵਰ ਸੰਸਥਾ ਨਾਲ ਜੁੜਿਆ ਹੋਇਆ ਹੈ ?
- ☐ ਕੀ ਬੱਚੇ ਨਾਲ ਹੋਈ ਬਦਸਲੂਕੀ ਬਾਰੇ ਮਾਂ-ਬਾਪ ਨੂੰ ਦੱਸਣ ਲਈ ਕੋਈ ਰਿਪਿਰਟਿੰਗ ਦਾ ਕੰਮ ਕੀਤਾ ਜਾਂਦਾ ਹੈ?
- ☐ ਕੀ ਦੇਖਭਾਲ ਕਰਨ ਵਾਲਾ ਲਿਖਤੀ ਤੋਰ ਤੇ ਸਮਝੋਤਾ ਕਰਦਾ ਹੈ ਅਤੇ ਤੁਹਾਡੀਆਂ ਉਮੀਦਾਂ ਅਤੇ ਨਿਯਮਾਂ ਬਾਰੇ ਸਾਰੀ ਜਾਣਕਾਰੀ ਸਾਫ਼ ਅਤੇ ਸਪਸ਼ਟ ਰੂਪ ਵਿੱਚ ਦੇ ਰਹਿਾ ਹੈ ?
- ☐ ਕੀ ਦੇਖਭਾਲ ਕਰਨ ਵਾਲਾ ਆਪਣੇ ਨਵੇਂ ਅਤੇ ਪੁਰਾਣੇ ਗਾਹਕਾਂ ਦੀ ਪੂਰੀ ਜਾਣਕਾਰੀ ਬਣਾ ਕੇ ਰੱਖ ਰਹਿਾ ਹੈ ?

ਤੁਹਾਨੂੰ ਪੂਰਾ ਹੱਕ ਹੈ ਕਿ ਤੁਸੀਂ ਮਾਨਤਾ ਪ੍ਰਾਪਤ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਘਰ ਜਾਂ ਕੇਂਦਰ ਬਾਰੇ Community Care Licensing, California Department of Social Services. ਤੋਂ ਜਾਣਕਾਰੀ ਹਾਸਲ ਕਰ ਸਕਦੇ ਹੋ| CHS ਨੂੰ ਫ਼ੋਨ ਕਰ ਕੇ ਆਪਣੇ ਇਲਾਕੇ ਦੀ ਮਾਨਤਾ ਦੇਣ ਵਾਲੇ ਕੇਂਦਰ ਦਾ ਫ਼ੋਨ ਨੰਬਰ ਅਤੇ ਪਤਾ ਲੈ ਸਕਦੇ ਹੋ|

ਬੱਚੇ ਦੀ ਦੇਖਭਾਲ ਲਈ ਕੀਤੇ ਇੰਤਜ਼ਾਮਾ ਨੂੰ ਸਮੇਂ ਸਮੇਂ ਤੇ ਦੇਖਦੇ ਰਹੋ| ਜਦੋਂ ਤੱਕ ਤੁਹਾਡਾ ਬੱਚਾ ਦੇਖਭਾਲ ਕੇਂਦਰ ਵਿੱਚ ਹੈ ਤੁਸੀਂ ਕਿਸੇ ਵੀ ਸਮੇਂ ਆਪਣੇ ਬੱਚੇ ਨੂੰ ਮਿਲਣ ਬਿਨਾ ਦੱਸੇ ਉਥੇ ਜਾ ਸਕਦੇ ਹੋ| ਇਸ ਤਰਾਂ ਜਾਣ ਨਾਲ ਤੁਹਾਨੂੰ ਵੀ ਪਤਾ ਲੱਗੇਗਾ ਕਿ ਤੁਹਾਡੇ ਬੱਚੇ ਨੂੰ ਕਿਸ ਤਰਾਂ ਦੀਆਂ ਸੁਵਿਧਾਵਾਂ ਮਿਲ ਰਹੀਆਂ ਹਨ| ਬੱਚੇ ਦੀ ਸੁਰੱਖਿਆ ਨੂੰ ਹਮੇਸ਼ਾ ਪਰਖਦੇ ਰਹੋ ਅਤੇ ਦੇਖਭਾਲ ਕਰਨ ਵਾਲੇ ਨਾਲ ਆਪਣੀਆ ਚਿੰਤਾਵਾਂ ਨੂੰ ਵੰਡੋ| ਜੇ ਤੁਹਾਡੀ ਕੋਈ ਮੁਸ਼ਕਿਲ ਦੇਖਭਾਲ ਵਾਲੇ ਨਾਲ ਗੱਲ ਕਰਨ ਦੇ ਬਾਵਜੂਦ ਵੀ ਠੀਕ ਨਹੀ ਹੁੰਦੀ ਤਾਂ ਤੁਸੀਂ Community Care Licensing, Department of Social Services. ਵਿੱਚ ਰਿਪੋਰਟ ਕਰ ਸਕਦੇ ਹੋ| ਯਾਦ ਰੱਖੋ ਕਿ ਤੁਹਾਡੇ ਬੱਚੇ ਦੀ ਦੇਖਭਾਲ ਦੀ ਆਖਰੀ ਜਿਮੇਵਾਰੀ ਤੁਹਾਡੀ ਹੈ ਅਤੇ ਆਪਣੇ ਬੱਚੇ ਦੀ ਸੁਵਿਧਾ ਅਤੇ ਖੁਸ਼ੀ ਨੂੰ ਦੇਖਦੇ ਹੋਏ ਤੁਸੀਂ ਕਦੇ ਵੀ ਦੇਖਭਾਲ ਕਰਨ ਵਾਲੇ ਬਦਲ ਸਕਦੇ ਹੋ|



## ਬਾਲ ਦੇਖਭਾਲ ਰੈਫਰਲ ਪਾਲਿਸੀ

Children's Home Society of California's (CHS) Resource and Referral (R&R) ਪ੍ਰੋਗਰਾਮ ਮਾਪਿਆਂ ਨੂੰ ਉਹਨਾਂ ਦੇ ਆਮਦਨ ਦੇ ਪੱਧਰ ਅਤੇ ਚਾਹੀਦੀ ਯੋਗਤਾ ਨੂੰ ਨਜ਼ਰਅੰਦਾਜ਼ ਕਰਦੇ ਹੋਏ ਉਹਨਾ ਨੂੰ CHS ਦੁਆਰਾ ਮਨੋਨੀਤ ਸੇਵਾਖੇਤਰ ਦੇ ਅਧੀਨ ਦੇਖਭਾਲ ਕਰਨ ਵਾਲਿਆਂ ਦੀ ਸੂਚੀ ਪ੍ਰਦਾਨ ਕਰਵਾਉਂਦਾ ਹੈ| ਦੇਖਭਾਲ ਕਰਨ ਵਾਲਿਆਂ ਦੀ ਸੂਚੀ ਮਾਪਿਆਂ ਨੂੰ ਉਹਨਾਂ ਦੀ ਮੁੱਖ ਜ਼ਰੂਰਤ ਨੂੰ ਦੇਖਦੇ ਹੋਏ ਦਿੱਤੀ ਜਾਂਦੀ ਹੈ| CHS ਬਾਲ ਦੇਖਭਾਲ ਕੇਂਦਰਾਂ, ਲਾਇਸਿੰਸ ਮੁਕਤ ਸੇਵਾ ਕੇਂਦਰਾਂ ਅਤੇ ਲਾਇਸਿੰਸ ਪ੍ਰਾਪਤ ਪਰਵਿਾਰਕ ਬਾਲ ਦੇਖਭਾਲ ਵਾਲੇ ਘਰਾਂ ਦਾ ਉਲੇਖ ਦਿੰਦਾ ਹੈ|

**ਬੱਚਿਆਂ ਨੂੰ ਇੱਕ ਚੰਗੇ ਦੇਖਭਾਲ ਪ੍ਰਦਾਨ ਕਰਨ ਲਈ CHS ਹੇਠ ਲਿਖੇ ਕੰਮ ਕਰਦਾ ਹੈ:**

- ਮਾਪਿਆਂ ਨੂੰ ਬਾਲ ਦੇਖਭਾਲ ਲੱਭਣ ਵਿੱਚ ਮਦਦ ਕਰਨਾ ਪਰ ਆਪਣੇ ਵੱਲੋਂ ਕਿਸੇ ਦੀ ਸ਼ਿਫਾਰਸ਼ ਨਹੀ ਕਰਨੀ|
- ਇਕ ਚੰਗਾ ਦੇਖਭਾਲ ਕੇਂਦਰ ਚੁਣਨ ਲਈ ਲਿਖਤੀ ਜਾਣਕਰੀ ਦੇਣਾ|
- ਮਾਪਿਆਂ ਨੂੰ ਸ਼ਿਫਾਰਸ਼ ਕਰਨਾ ਕਿ ਉਹੋ ਪਹਿਲਾ ਕੇਂਦਰਾਂ ਵਿੱਚ ਜਾ ਕੇ ਦੇਖਣ, ਅਤੇ ਫਿਰ ਹੀ ਕੋਈ ਫੈਸਲਾ ਲੈਣ|
- ਸੇਵਾ ਪ੍ਰਦਾਨ ਕਰਨ ਵਾਲੇ ਦੇ ਲਾਇਸਿੰਸ ਬਾਰੀ ਜਾਨਕਰੀ ਨੂੰ ਪਰਖਣ ਦੇ ਅਧਿਕਾਰ ਬਾਰੇ ਮਾਪਿਆਂ ਨੂੰ ਦੱਸਣਾ|
- ਮਾਪਿਆਂ ਦੁਆਰਾ ਦਿੱਤੀ ਸਾਰੀ ਜਾਣਕਾਰੀ ਨੂੰ ਗੁਪਤ ਰੱਖਣਾ|
- ਸਾਰੇ ਪ੍ਰੋਗਰਾਮਾਂ ਨੂੰ CHS ਦੀ ਗੈਰ-ਭੇਦਭਾਵ ਦੀ ਪਾਲਿਸੀ ਦੇ ਅਧੀਨ ਚਲਾਉਣਾ|

**CHS ਕੋਲ ਅਧਿਕਾਰ ਹੈ ਕਿ ਉਹੋ ਕਿਸੇ ਵੀ ਬਾਲ ਦੇਖਭਾਲ ਪ੍ਰਦਾਨ ਕਰਵਾਉਣ ਵਾਲੇ ਕੇਂਦਰ ਦੀ ਰੈਫਰਲ ਰੋਕ ਸਕਦਾ ਹੈ ਜਦੋਂ:**

- ਲਾਇਸਿੰਸਿੰਗ, ਕਾਨੂੰਨ ਲਾਗੂ ਕਰਨ ਵਾਲਿਆਂ ਜਾਂ ਕਿਸੇ ਹੋਰ ਸੰਸਥਾ ਦੁਆਰਾ ਸੇਹਤ, ਸੁਰਖਿਆ ਅਤੇ B114 ਵਿੱਚ ਦਿੱਤੇ ਨਿੱਜੀ ਅਧਿਕਾਰ, ਬੱਚੇ ਦੀ ਦੇਖਭਾਲ ਅਤੇ ਸੇਵਾ ਲਈ ਕੀਤੀ ਗਲਤ ਕਾਰਵਾਈ ਦੀ ਸ਼ਿਕਾਇਤ ਦਰਜ ਕਰਵਾਉਣ ਦੀ ਸਥਿਤੀ ਵਿੱਚ|
- CHS ਨੂੰ ਬੱਚਿਆਂ ਦੀ ਸੇਹਤ, ਸੁਰਖਿਆ, ਬੱਚੇ ਦੇ ਨਿੱਜੀ ਅਧਿਕਾਰਾਂ, ਅਤੇ ਬੱਚੇ ਦੀ ਦੇਖਭਾਲ ਅਤੇ ਸੇਵਾ ਨੂੰ ਨੁਕਸਾਨ ਪਹੁਚਉਣ ਵਾਲੀ ਕਾਰਵਾਈ ਬਾਰੀ ਚੱਲ ਰਹੀ ਤਫ਼ਤੀਸ਼ ਬਾਰੇ ਜਾਣਕਾਰੀ ਮਿਲਣਾ|
- CHS ਨੂੰ ਬੱਚਿਆਂ ਦੀ ਸੇਹਤ,ਸੁਰਖਿਆ ਅਤੇ ਭਲਾਈ ਸੰਬੰਧੀ ਸ਼ਿਕਾਇਤ ਮਿਲਣਾ ਅਤੇ CHS ਦੁਆਰਾ ਇਸ ਸ਼ਿਕਾਇਤ ਦੇ ਸੰਬੰਧ ਵਿੱਚ ਸਥਾਨਕ ਲਾਇਸਿੰਸਿੰਗ ਏਜੰਸੀ ਤੋਂ ਜਵਾਬ ਆਉਣ ਦਾ ਇੰਤਜ਼ਾਰ ਕਰਨ ਦੀ ਸਥਿਤੀ ਵਿੱਚ|
- CHS ਨੂੰ ਕਮਿਊਨਿਟੀ ਕੇਅਰ ਲਾਇਸਿੰਸਿੰਗ (CCL) ਤੋਂ ਜਾਣਕਾਰੀ ਮਿਲਣਾ ਕਿ ਸੇਵਾ ਪ੍ਰਦਾਨ ਕਰਨ ਵਾਲੇ ਨੂੰ ਸਿਰਫ਼ ਅਜ਼ਮਾਇਸ਼ੀ ਲਾਇਸਿੰਸ ਮਿਲਿਆ ਹੈ ਜਾਂ ਸੁਧਾਰ ਕਰਨ ਲਈ ਕਦਮ ਚੱਕਣ ਲਈ ਕਹਿਾ ਗਿਆ ਹੈ ਜਾਂ ਉਸ ਨੂੰ ਮਿਲੇ ਲਾਇਸਿੰਸ ਨੂੰ ਰੱਦ ਕਰ ਦਿੱਤਾ ਗਿਆ ਹੈ|

ਕੈਲੀਫ਼ੋਰਨੀਆ ਰਾਜ ਦੇ ਕਾਨੂੰਨ ਦੇ ਅਨੁਸਾਰ CHS ਉਹਨਾਂ ਬਾਲ ਦੇਖਭਾਲ ਕੇਂਦਰਾਂ ਨੂੰ ਆਪਣੀ ਰੈਫਰਲ ਸੂਚੀ ਵਿਚੋਂ ਕੱਡ ਦਵੇਗਾ ਜਿਨਾਂ ਕੇਂਦਰਾਂ ਨੂੰ ਰੱਦ ਕਰ ਦਿੱਤਾ ਗਿਆ ਹੈ, ਜਿਨਾਂ ਕੇਂਦਰਾਂ ਨੂੰ ਅਸਥਾਈ ਤੋਰ ਤੇ ਬੰਦ ਕਰਨ ਦੇ ਆਦੇਸ਼ ਮਿਲੇ ਹਨ, ਜਾਂ ਜੋ ਕੇਂਦਰ ਅਜ਼ਮਾਇਸ਼ੀ ਤੋਰ ਤੇ ਕੰਮ ਵਿੱਚ ਸਨ| CHS ਲਿਖਤੀ ਤੋਰ ਤੇ ਸੇਵਾ ਪ੍ਰਦਾਨ ਕਰਨ ਵਾਲਿਆਂ ਨੂੰ ਦੱਸੇਗਾ ਕਿ ਉਪਰ ਦਿੱਤੇ ਕਿਸ ਕਾਰਨ ਕਰਕੇ ਉਹਨਾਂ ਨੂੰ CHS ਦੀ ਰੈਫਰਲ ਸੂਚੀ ਵਿਚੋਂ ਕੱਡ ਦਿੱਤਾ ਗਿਆ ਹੈ|